(Through Website)

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਐਸ.ਏ.ਐਸ. ਨਗਰ ਪੰਜਾਬ**

(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਮੰਡਲ ਸਿੱਖਿਆ ਅਫਸਰ /
ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ. / ਐ.ਸਿ.)।
ਮੀਮੋ ਨੰ: ਕਅ- 15/1-2017 ਤੋ ਕੋ.ਸੈ (1) /526
ਮਿਤੀ: 31.8.17

**ਵਿਸ਼ਾ:-** **ਸਲਾਨਾ ਗੁਪਤ ਰਿਪੋਰਟ ਲਿਖਣ, ਰੀਵਿਊ ਕਰਨ ਅਤੇ ਪ੍ਰਵਾਨ ਕਰਨ ਸਬੰਧੀ।**

ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਪੰਜਾਬ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਅਧਿਕਾਰੀਆਂ / ਕਰਮਚਾਰੀਆਂ ਦੀਆਂ ਸਾਲ 2016-17 ਦੀਆਂ ਸਲਾਨਾ ਗੁਪਤ ਰਿਪੋਰਟਾਂ ਸਮੇਂ ਸਿਰ ਲਿਖੀਆਂ ਨਹੀਂ ਜਾ ਰਹੀਆਂ ਅਤੇ ਨਾ ਹੀ ਰੀਵਿਊ ਅਤੇ ਪ੍ਰਵਾਨ ਕਰਕੇ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਬਹੁਤ ਸਾਰੇ ਕਰਮਚਾਰੀਆਂ ਨੂੰ ਮੁਸ਼ਕਿਲ ਪੇਸ਼ ਆ ਰਹੀ ਹੈ। ਸਲਾਨਾ ਗੁਪਤ ਰਿਪੋਰਟਾਂ ਲਿਖਣ, ਰੀਵਿਊ ਕਰਵਾ ਕੇ ਸਮਰੱਥ ਅਧਿਕਾਰੀਆਂ ਤੋਂ ਪ੍ਰਵਾਨ ਕਰਵਾਉਣ ਦੀ ਜਿੰਮੇਵਾਰੀ ਸਬੰਧਤ ਡੀ.ਡੀ.ਓ. ਦੀ ਹੈ, ਪਰ ਡੀ.ਡੀ.ਓਜ਼ ਵੱਲੋਂ ਇਸ ਮਾਮਲੇ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾ ਰਿਹਾ।

ਇਸ ਸਬੰਧੀ ਇਹ ਫੈਸਲਾ ਲਿਆ ਗਿਆ ਹੈ ਕਿ ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.) ਆਪਣੇ ਅਧੀਨ ਕੰਮ ਕਰਦੇ ਸਮੂਹ ਡੀ.ਡੀ.ਓਜ਼ ਦੀਆਂ ਸ਼ਨੀਚਰਵਾਰ ਵਾਲੇ ਦਿਨ ਮੀਟਿੰਗਾਂ ਕਰਕੇ ਸਮੂਹ ਕਰਮਚਾਰੀਆਂ ਦੀਆਂ ਸਾਲ 2016-17 ਦੀਆਂ ਸਲਾਨਾ ਗੁਪਤ ਰਿਪੋਰਟਾਂ ਮੌਕੇ ਤੇ ਹੀ ਲਿਖਵਾ ਕੇ ਪ੍ਰਵਾਨ ਕਰਤਾ ਅਧਿਕਾਰੀਆਂ ਤੋਂ ਪ੍ਰਵਾਨ ਕਰਵਾਈਆਂ ਜਾਣ। ਜੇਕਰ ਰੀਵਿਊ / ਪ੍ਰਵਾਨ ਕਰਤਾ ਅਧਿਕਾਰੀ ਇਸ ਸਮੇਂ ਕਿਸੇ ਹੋਰ ਸਥਾਨ ਤੇ ਬਦਲ ਚੁੱਕੇ ਹਨ ਤਾਂ ਉਨ੍ਹਾਂ ਨੂੰ ਇਨ੍ਹਾਂ ਮੀਟਿੰਗਾਂ ਵਿੱਚ ਬੁਲਾ ਕੇ ਸਲਾਨਾ ਗੁਪਤ ਰਿਪੋਰਟ ਮੌਕੇ ਤੇ ਹੀ ਪ੍ਰਵਾਨ ਕਰਵਾ ਲਈ ਜਾਵੇ। ਸਾਲ 2016-17 ਦੀਆਂ ਪ੍ਰਵਾਨ ਹੋਈਆਂ ਸਲਾਨਾ ਗੁਪਤ ਰਿਪੋਰਟਾਂ ਸਬੰਧਤ ਡੀ.ਡੀ.ਓਜ਼ ਨੂੰ ਮੌਕੇ ਤੇ ਹੀ ਰਿਕਾਰਡ ਵਿੱਚ ਰੱਖਣ ਹਿੱਤ ਵਾਪਸ ਕੀਤੀਆਂ ਜਾਣ ਅਤੇ ਸਮੂਹ ਡੀ.ਡੀ.ਓਜ਼ ਦੀ ਇਹ ਨਿੱਜੀ ਜਿੰਮੇਵਾਰੀ ਹੈ ਕਿ ਪ੍ਰਵਾਨ ਹੋਈਆਂ ਗੁਪਤ ਰਿਪੋਰਟਾਂ ਦੀਆਂ ਕਾਪੀਆਂ ਸਬੰਧਤ ਕਰਮਚਾਰੀਆਂ ਨੂੰ ਪ੍ਰਾਪਤ ਕਰਵਾ ਕੇ ਉਨ੍ਹਾਂ ਤੋਂ ਪ੍ਰਾਪਤੀ ਰਸੀਦਾਂ ਲੈਣ। ਜੇਕਰ ਇਸ ਕੰਮ ਵਿੱਚ ਕਿਸੇ ਪ੍ਰਕਾਰ ਦੀ ਅਣਗਹਿਲੀ ਵਰਤੀ ਗਈ ਤਾਂ ਉਸ ਲਈ ਸਬੰਧਤ ਡੀ.ਡੀ.ਓਜ਼ ਅਤੇ ਜ਼ਿਲਾ ਸਿੱਖਿਆ ਅਫ਼ਸਰ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

31/8/17
ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

31/8/17
ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ।